This question paper contains 3 printed pages]

*Your Roll No.*...............

**4513**

**B.A. (PROGRAMME)/I** **C**

PUNJABI LANGUAGE (A)—Paper I

(Advanced Punjabi)

(Admission of 2004/2006 and onwards in respect of the students of Regular Colleges/NCWEB)

*Time : 3 Hours* *Maximum Marks : 75*

(*Write your Roll No. on the top immediately on receipt of this question paper.*)

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

**ਨੋਟ** :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਬਾਰੇ ਲਗਪਗ ਪੰਜ-ਸੌ ਸ਼ਬਦਾਂ ਦਾ ਨਿਬੰਧ ਲਿਖੋ :

   (ੳ) ਮਨਿ ਜੀਤੈ ਜਗੁ ਜੀਤ ।

   (ਅ) ਮੇਰਾ ਮਨ ਭਾਉਂਦਾ ਕਵੀ ।

   (ੲ) ਬੱਚਿਆਂ ਦੇ ਮਾਂ-ਬਾਪ ਪ੍ਰਤੀ ਫ਼ਰਜ਼ । 15

2. ਕਿਸੇ ਪ੍ਰਸਿਧ ਪੰਜਾਬੀ ਨਾਵਲ ਦੀ ਕਹਾਣੀ ਆਪਣੇ ਸ਼ਬਦਾਂ ਵਿਚ ਲਿਖੋ । 10

3. (ੳ) ਮੂਲ ਸ਼ਬਦ ਕਿਸਨੂੰ ਆਖਦੇ ਹਨ ? ਕੋਈ ਪੰਜ 'ਮੂਲ-ਸ਼ਬਦ' ਲਿਖੋ । 5

(ਅ) ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਵਾਕ ਇਸ ਤਰ੍ਹਾਂ ਬਣਾਉ ਕਿ ਉਨ੍ਹਾਂ ਦੇ ਵੱਖਰੇ-ਵੱਖਰੇ ਅਰਥ ਸਪੱਸ਼ਟ ਹੋ ਜਾਣ :

ਖ਼ਾਤਰ, ਖੱਟੀ, ਆਕੜ, ਕੱਚਾ, ਘੜੀ । 5

4. 'ਸਾਧਾਰਨ ਵਾਕ' ਤੇ 'ਸੰਯੁਕਤ-ਵਾਕ' ਦਾ ਅੰਤਰ ਉਦਾਹਰਨਾਂ ਸਹਿਤ ਸਪਸ਼ਟ ਕਰੋ । 10

5. ਹੇਠ ਲਿਖੀ ਵਾਰਤਾ ਨੂੰ ਵਿਸਰਾਮ ਚਿੰਨ੍ਹ ਲਾ ਕੇ ਲਿਖੋ :

ਆਪਣਾ ਦੇਸ਼ ਆਪਣੇ ਲੋਕ ਆਪਣਾ ਘਰ ਅਤੇ ਆਪਣੇ ਬੱਚੇ ਕਿਸ ਨੂੰ ਚੰਗੇ ਨਹੀਂ ਲਗਦੇ ਸ਼ੀਲਾ ਕਹਿ ਰਹੀ ਸੀ ਹਾਂ ਇਹ ਗੱਲ ਤਾਂ ਠੀਕ ਹੈ ਫਿਰ ਵੀ ਦੂਜਿਆਂ ਦਾ ਭਲਾ ਸੋਚਣਾ ਵੀ ਸਾਡਾ ਧਰਮ ਹੈ ਜਸੂ ਨੇ ਆਪਣਾ ਵਿਚਾਰ ਦਸਿਆ 10

6. ਕਿਸੇ ਸਫ਼ਰ ਵਿਚ ਯਾਤਰਾ ਕਰ ਰਹੇ ਦੋ ਯਾਤਰੀਆਂ ਵਿੱਚ ਪੈਟਰੋਲ ਦੀਆਂ ਵੱਧ ਰਹੀਆਂ ਕੀਮਤਾਂ ਉਪਰ ਹੋ ਰਹੀ ਗੱਲਬਾਤ ਨੂੰ ਵਾਰਤਾਲਾਪ ਵਿਚ ਲਿਖੋ । 10

7. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਉਸਦਾ ਸਾਰਾਂਸ਼ ਲਿਖੋ ਅਤੇ ਢੁਕਵਾਂ ਸਿਰਲੇਖ ਦਿਉ :

"ਸਿਰਫ ਉਹੀ ਦੇਸ਼ ਅਮੀਰ ਅਤੇ ਮਾਲੋਮਾਲ ਹੋ ਸਕਦੇ ਹਨ ਜਿਨ੍ਹਾਂ ਦੇ ਲੋਕ ਆਪਣੇ ਆਪ ਲਈ ਕੁਝ ਨਵਾਂ ਸੋਚ ਸਕਦੇ ਹਨ । ਉਹੀ ਕੰਮ ਕਰਦੇ ਜਾਣਾ ਜੋ ਅੱਗੇ ਕਿਸੇ ਨੇ ਕਰ ਲਿਆ, ਰੁਕੇ ਵਿਕਾਸ ਦੀ ਨਿਸ਼ਾਨੀ ਹੈ । ਹੋਣਹਾਰ ਮਨੁੱਖ ਇਹੀ ਸੋਚਦਾ ਹੈ ਕਿ ਹੱਥਲਾ ਕੰਮ ਪਿਛਲੇ ਕੀਤੇ ਕੰਮ ਨਾਲੋਂ ਚੰਗੇਰਾ ਹੋਵੇ । ਜਿਸ ਕੌਮ ਦਾ ਇਹ ਖਿਆਲ ਹੋ ਜਾਵੇ ਕਿ ਪੰਜ ਸੌ ਜਾਂ ਹਜ਼ਾਰ ਸਾਲ ਪਹਿਲਾਂ ਵਾਲਾ ਜੀਵਨ ਚੰਗਾ ਸੀ ਇਸੇ ਲਈ ਉਸੇ ਨੂੰ ਹੀ ਨਿਸ਼ਾਨਾ ਰੱਖਿਆ

ਜਾਏ, ਉਸ ਕੌਮ ਨੂੰ ਜ਼ਿੰਦਗੀ ਦੀਆਂ ਪਿਛਲੀਆਂ ਕਤਾਰਾਂ ਵਿਚ ਖਲੋਣਾ ਪੈਂਦਾ ਹੈ । ਨਸਲਾਂ ਦੀ ਮਾਨਸਿਕ ਅਵਸਥਾ ਉੱਤੇ ਹੀ ਉਹਨਾਂ ਦੀ ਖੁਸ਼ਹਾਲੀ ਤੇ ਸਾਰਥਕਤਾ ਨਿਰਭਰ ਕਰਦੀ ਹੈ । ਜਦੋਂ ਕਿਸੇ ਨਸਲ ਦੇ ਲੋਕ ਲਕੀਰ ਦੇ ਫ਼ਕੀਰ ਹੋ ਜਾਂਦੇ ਹਨ, ਹਮੇਸ਼ਾਂ ਕਿਸੇ ਦੇ ਪਾਏ ਪੂਰਨਿਆਂ ਉੱਤੇ ਹੀ ਚਲਦੇ ਹਨ, ਆਪ ਕੋਈ ਪੂਰਨਾ ਪਾਉਣ ਦੀ ਦਲੇਰੀ ਨਹੀਂ ਰਖਦੇ, ਉਸ ਨਸਲ ਦਾ ਵਾਧਾ ਰੁਕ ਜਾਂਦਾ ਹੈ ? ਬੁੱਧੀ ਮੋਟੀ ਹੋ ਜਾਂਦੀ ਹੈ ਤੇ ਜ਼ਿੰਦਗੀ ਵਿਚੋਂ ਸੁਹਜ-ਸੁਆਦ ਘੱਟ ਜਾਂਦਾ ਹੈ । ਐਸੀ ਕੌਮ ਸੁਤੰਤਰ ਨਹੀਂ ਰਹਿ ਸਕਦੀ । ਜ਼ਰੂਰ ਕਿਸੇ ਦੂਜੀ ਕੌਮ ਦੀ ਗੁਲਾਮ ਬਣ ਜਾਂਦੀ ਹੈ । ਦੇਸ਼ ਦੀ ਉੱਨਤੀ ਤਾਂ ਹੀ ਸੰਭਵ ਹੈ, ਜੇ ਤੁਸੀਂ ਕੋਈ ਨਵਾਂ ਖਿਆਲ ਦੁਨੀਆਂ ਨੂੰ ਦਿਉ । ਕੋਈ ਨਵੀਂ ਕਾਢ ਕੱਢੋ, ਕੋਈ ਨਵਾਂ ਸੁਖ ਈਜਾਦ ਕਰੋ, ਕੋਈ ਨਵਾਂ ਮਾਰਗ ਲੱਭੋ, ਨਵੀਂ ਸੋਚਾਂ ਸੋਚੋ ਤੇ ਨਵੇਂ ਅਮਲ ਕਰੋ ।" 10